بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 17.05.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਦੁਨੀਆ ਦੇ ਇਸ ਖੇਤਰ ਵਿੱਚ ਰੱਬ ਨੇ ਮਰਕਜ਼ (ਕੇਂਦਰ) ਬਨਾਉਣ ਦਾ ਸੰਜੋਗ ਪ੍ਰਦਾਨ ਕੀਤਾ ਜੋ ਤੌਹੀਦ ਤੋਂ ਸਖਣਾ ਹੈ ਅਤੇ ਸ਼ਿਰਕ ਨਾਲ ਭਰਿਆ ਹੋਇਆ ਹੈ । ਇੱਥੋਂ ਇਕ ਨਵੇਂ ਨਿਸ਼ਚੇ ਨਾਲ ਤੌਹੀਦ ਨੂੰ ਫੈਲਾਉਣ ਦਾ ਕੰਮ ਕਰੋ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਸੱਚੇ ਗ਼ੁਲਾਮ ਦੇ ਮਿਸ਼ਨ ਨੂੰ ਪੂਰਾ ਕਰੋ ਅਤੇ ਫਿਰ ਉਹ ਦਿਨ ਵੀ ਆਏ ਜੱਦ ਪਿੰਡਾ ਦੇ ਪਿੰਡ ਅਤੇ ਸ਼ਹਿਰਾਂ ਦੇ ਸ਼ਹਿਰ ਰੱਬ ਦੀ ਤੌਹੀਦ ਦਾ ਐਲਾਨ ਕਰਨ ਵਾਲੇ ਹੋਣ ।**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 17 ਮਈ 2019 ਈ. ਨੂੰ ਮਸਜਿਦ ਮੁਬਾਰਕ ਇਸਲਾਮਾਬਾਦ ਟਿਲਫ਼ੋਰਡ (ਬਰਤਾਨੀਆ) ਵਿੱਚ ਦਿੱਤਾ**

ਸਯੱਦਨਾ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ 'ਮਸਜਿਦ ਮੁਬਾਰਕ' ਇਸਲਮਾਬਾਦ ਦਾ ਉਧਘਾਟਨ ਕਰਦਿਆਂ ਹੋਇਆਂ ਸ਼ੁਕਰਾਨੇ ਵੱਜੋ ਸਜੱਦਾ ਕਰਨ ਉਪਰੰਤ ਬਕਾਇਦਾ ਜੁਮਏ ਦਾ ਖ਼ੁਤਬਾ ਦਿੱਤਾ । ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਹੇਠ ਲਿਖੀਆਂ ਕੁਰਆਨ ਕਰੀਮ ਦੀਆਂ ਆਇਤਾਂ ਦੀ ਤਲਾਵਤ ਕੀਤੀ ਅਤੇ ਇਹਨਾ ਦਾ ਅਨੁਵਾਦ ਪੇਸ਼ ਕੀਤਾ :

قُلۡ اَمَرَ رَبِّیۡ بِالۡقِسۡطِ ۟ وَاَقِیۡمُوۡا وُجُوۡہَکُمۡ عِنۡدَ کُلِّ مَسۡجِدٍ وَّادۡعُوۡہُ مُخۡلِصِیۡنَ لَہُ الدِّیۡنَ ۬ؕ کَمَا بَدَاَکُمۡ تَعُوۡدُوۡنَ ○ فَرِیۡقًا ہَدٰی وَفَرِیۡقًا حَقَّ عَلَیۡہِمُ الضَّلٰلَۃُ ؕ اِنَّہُمُ اتَّخَذُوا الشَّیٰطِیۡنَ اَوۡلِیَآءَ مِنۡ دُوۡنِ اللّٰہِ وَیَحۡسَبُوۡنَ اَنَّہُمۡ مُّہۡتَدُوۡنَ ○ یٰبَنِیۡۤ اٰدَمَ خُذُوۡا زِیۡنَتَکُمۡ عِنۡدَ کُلِّ مَسۡجِدٍ وَّکُلُوۡا وَاشۡرَبُوۡا وَلَا تُسۡرِفُوۡا ۚ اِنَّہٗ لَا یُحِبُّ الۡمُسۡرِفِیۡنَ ○ (سورۃ الاعراف:30تا32)

ਇਹਨਾ ਆਇਤਾਂ ਦੇ ਅਰਥ ਇਹ ਹਨ ਕਿ ਤੂੰ ਕਹਿ ਦੇ ਮੇਰੇ ਰੱਬ ਨੇ ਮੈਂਨੂੰ ਨਿਆਏ ਦਾ ਆਦੇਸ਼ ਦਿੱਤਾ ਹੈ ਅਤੇ ਇਹ ਕਿ ਹਰ ਮਸਜਿਦ ਕੋਲ ਆਪਣਾ ਧਿਆਨ ਠੀਕ ਕਰ ਲਿਆ ਕਰੋ ਅਤੇ ਰੱਬ ਦੀ ਇਬਾਦਤ ਨੂੰ ਖ਼ਾਲਸ ਉਸੇ ਦਾ ਹੱਕ ਕਰਾਰ ਦਿੰਦਿਆਂ ਹੋਇਆਂ ਉਸੇ ਨੂੰ ਪੁਕਾਰੋ ਜਿਵੇਂ ਉਸਨੇ ਤੁਹਾਨੂੰ ਅਰੰਭ ਕੀਤਾ ਸੀ । ਫਿਰ ਇਕ ਦਿਨ ਤੁਸੀਂ ਉਸੇ ਅਵਸਥਾ ਵੱਲ ਪਰਤੋਗੇ । ਇਕ ਦਲ ਨੂੰ ਉਸ ਨੇ ਹਿਦਾਇਤ ਦਿੱਤੀ ਪਰ ਇਕ ਹੋਰ ਦਲ ਹੈ ਜਿਸ'ਤੇ ਗੁਮਰਾਹੀ ਵਾਜਬ ਹੋ ਗਈ ਅਰਥਾਤ ਉਹ ਗੁਮਰਾਹੀ ਦਾ ਪਾਤਰ ਬਣਿਆ ਹੈ, ਉਹਨਾ ਨੇ ਰੱਬ ਨੂੰ ਛੱਡਕੇ ਸ਼ੈਤਾਨਾ ਨੂੰ ਆਪਣਾ ਮਿਤੱਰ ਬਣਾ ਲਿਆ ਅਤੇ ਉਹ ਵਿਚਾਰ ਕਰਦੇ ਹਨ ਕਿ ਉਹ ਹਿਦਾਇਤ ਪਾ ਗਏ ਹਨ । ਹੇ, ਆਦਮ ਦੇ ਪੁਤੱਰੋ ! ਹਰ

ਮਸਜਿਦ ਕੋਲ ਜ਼ੀਨਤ (ਸਵਛੱਤਾ ਤੇ ਸੁੰਦਰਤਾ) ਦੇ ਸਾਧਨ ਧਾਰ ਲਿਆ ਕਰੋ ਅਤੇ ਖਾਓ ਪਿਓ ਅਤੇ ਵਧੀਕੀ ਨ ਕਰੋ ਰੱਬ ਵਧੀਕੀ ਕਰਨ ਵਾਲਿਆਂ ਨੂੰ ਪਸੰਦ ਨਹੀਂ ਕਰਦਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਲਹਮਦੁਲਿਲੱਾਹ, ਅਲੱਾਹ ਤਆਲਾ ਅੱਜ ਸਾਨੂੰ ਇਸਲਾਮਾਬਾਦ ਦੀ ਇਸ ਮਸਜਿਦ ਵਿੱਚ ਜੁਮਆ ਪੜ੍ਹਨ ਦਾ ਸੰਜੋਗ ਪ੍ਰਦਾਨ ਕਰ ਰਿਹਾ ਹੈ । ਸੋ, ਭਾਵੇਂ ਅੱਜ ਅਸੀਂ ਰਸਮੀ ਤੌਰ'ਤੇ ਇਸ ਜੁਮਏ ਨਾਲ ਇਸ ਮਸਜਿਦ ਦਾ ਉਦਘਾਟਨ ਕਰ ਰਹੇ ਹਾਂ ਪਰ ਅਮਲੀ ਰੂਪ ਵਿੱਚ ਮੇਰੇ ਇੱਥੇ ਆਉਣ ਉਪਰੰਤ ਹੀ ਨਮਾਜ਼ਾਂ ਅਤੇ ਹੋਰਨਾ ਪ੍ਰੋਗਰਾਮਾ ਦੀ ਕੜੀ ਅਰੰਭ ਹੋ ਗਈ ਸੀ । ਰੱਬ ਦੀ ਮਿਹਰ ਨਾਲ ਬੀਤੇ ਦੱਸ ਪੰਦਰਾਂ ਸਾਲਾਂ ਵਿੱਚ ਮਸਜਿਦਾਂ ਦੀ ਉਸਾਰੀ ਵਿੱਚ ਜਮਾਤ ਨੂੰ ਵਿਸ਼ੇਸ਼ ਧਿਆਨ ਪੈਦਾ ਹੋਇਆ ਹੈ । ਇਹ ਮਸਜਿਦ ਜਿਸ ਦਾ ਨਾਂ ਮੈਂ "ਮਸਜਿਦ ਮੁਬਾਰਕ" ਰੱਖਿਆ ਹੈ ਇਸ ਪੱਖੋਂ ਇਸਦੀ ਮਹਤੱਾ ਹੈ ਕਿ ਸਮੇਂ ਦੇ ਖ਼ਲੀਫ਼ਾ ਦੀ ਰਿਹਾਇਸ਼ ਵੀ ਇੱਥੇ ਹੈ । ਕਈ ਸੇਵਾ ਕਰਨ ਵਾਲਿਆਂ ਦੀ ਰਿਹਾਇਸ਼ ਵੀ ਇੱਥੇ ਹੈ ਅਤੇ ਸਾਰੇ ਲੋੜੀਂਦੇ ਦਫ਼ਤਰ ਜਿੰਨ੍ਹਾ ਨਾਲ ਮੈਂਨੂੰ ਪ੍ਰਤੀਦਿਨ ਵਾਸਤਾ ਵੀ ਰਹਿੰਦਾ ਹੈ ਉਹ ਵੀ ਇੱਥੇ ਹਨ । ਅਰਥਾਤ ਇਹ ਥਾਂ ਅਤੇ ਇਹ ਮਸਜਿਦ ਇਸ ਪੱਖੋਂ ਕੇਂਦਰੀ ਮਸਜਿਦ ਹੈ ਅਤੇ ਮਹਤੱਾ ਰਖੱਦੀ ਹੈ । ਰੱਬ ਕਰੇ ਇਹ ਮਸਜਿਦ ਇਸ ਪੱਖੋਂ ਮਸਜਿਦ ਮੁਬਾਰਕ ਦਾ ਪ੍ਰਤੀਬਿੰਬ ਹੋਵੇ ਅਤੇ ਰੱਬ ਦੀਆਂ ਮਿਹਰਾਂ ਨੂੰ ਸਮੋਹਨ ਵਾਲੀ ਤੇ ਹਰ ਪੱਖੋਂ ਮੁਬਾਰਕ ਵੀ ਹੋਵੇ । ਜਿਸ ਸਮੇਂ ਇਸ ਦਾ ਨਾਂ ਰਖੱਣ ਬਾਰੇ ਗੱਲ ਹੋ ਰਹੀ ਸੀ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇਹ ਇਲਹਾਮ ਇਕ ਦਮ ਮੇਰੇ ਸਾਹਮਣੇ ਆ ਗਿਆ ਜਿਸਦੇ ਸਬਬ ਇਸ ਦਾ ਨਾਂ ਰੱਖਿਆ ਗਿਆ । ਇਲਹਾਮ ਇਹ ਹੈ : 'ਮੁਬਾਰਾਕੁਨ ਵ ਮੁਬਾਰਾਕੁਨ ਵ ਕੁਲੁੱ ਅਮਰਿਨ ਮੁਬਾਰਾਕਿੰਯ ਯਜਅਲੁ ਫ਼ੀਹਿ ' (مُبَارَكٌ وَمُبَارِكٌ وَكُلُّ اَمْرٍ مُبَارَكٍ يُّجْعَلُ فِيْهِ) ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸ਼ਬਦਾਂ ਵਿੱਚ ਹੀ ਇਸ ਦਾ ਅਰਥ ਇਹ ਹੈ ਕਿ ਇਹ ਮਸਜਿਦ ਬਰਕਤਾਂ ਦੇਣ ਵਾਲੀ ਅਤੇ ਬਰਕਤਾਂ ਪ੍ਰਾਪਤ ਹੈ ਅਤੇ ਹਰ ਇਕ ਮੁਬਾਰਕ ਕੰਮ ਇਸ ਵਿੱਚ ਕੀਤਾ ਜਾਏਗਾ । ਰੱਬ ਕਰੇ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜੋ ਦੁਆਵਾਂ ਮਸਜਿਦ ਮੁਬਾਰਕ ਕਾਦੀਆਂ ਵਿੱਚ ਕੀਤੀਆਂ ਅਤੇ ਜੋ ਆਪ ਦੀਆਂ ਇਛੱਾਵਾਂ ਅਤੇ ਤੜਪ ਦੁਨੀਆ ਵਿੱਚ ਇਸਲਾਮ ਦੇ ਫੈਲਣ ਅਤੇ ਵਿਜੈ ਹਾਸਲ ਕਰਨ ਲਈ ਸਨ, ਉਹ ਇਸ ਮਸਜਿਦ ਨੂੰ ਵੀ ਪਹੁੰਚਦੀਆਂ ਰਹਿਣ । ਇੱਥੇ ਮਰਕਜ਼ (ਕੇਂਦਰ) ਦਾ ਆਉਣਾ ਹਰ ਪੱਖੋਂ ਮੁਬਾਰਕ ਹੋਵੇ ਅਤੇ ਖ਼ਿਲਾਫ਼ਤੇ ਅਹਮਦੀਆ ਵੱਲੋਂ ਜਾਰੀ ਹੋਣ ਵਾਲੇ ਸਾਰੇ ਮਨਸੂਬੇ ਹਮੇਸ਼ਾ ਰੱਬ ਦੀਆਂ ਮਿਹਰਾਂ ਤੇ ਬਰਕਤਾਂ ਨੂੰ ਸਮੋਹਨ ਵਾਲੇ ਹੋਣ ਅਤੇ ਰੱਬ ਦੀ ਦ੍ਰਿਸ਼ਟੀ ਵਿੱਚ ਜਿੰਨ੍ਹਾ ਬਰਕਤਾਂ ਦਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਮਸਜਿਦ ਨਾਲ ਸੀ ਉਹ ਇਸਨੂੰ ਵੀ ਮਿਲਦਾ ਰਹੇ । ਰੱਬ ਇਹਨਾ ਸਮਰਥਾਵਾਂ ਨੂੰ ਹੋਰ ਵਧਾਉਂਦਾ ਰਹੇ ਜੋ ਰੱਬ ਨੇ ਸਾਨੂੰ ਬਖ਼ਸ਼ੀਆਂ ਹਨ ਅਤੇ ਦੁਸ਼ਮਣ ਨੇ ਆਪਣੇ ਭੁਲੇਖਿਆਂ ਵਿੱਚ ਜਿੰਨ੍ਹਾ ਮਿਹਰਾਂ ਤੇ ਬਰਕਤਾਂ ਨੂੰ ਸਾਡੇ ਕੋਲੋਂ ਖੋਹਣਾ ਚਾਹਿਆ ਸੀ ਰੱਬ ਪਹਿਲਾਂ ਤੋਂ ਵਧੱਕੇ ਅਤੇ ਕਈ ਗੁਣਾ ਵਧਾਕੇ ਇਸ ਮਸਜਿਦ ਅਤੇ ਇਸ ਮਰਕਜ਼ ਨਾਲ ਉਹ ਤਰੱਕੀਆਂ ਦਿਖਾਏ । ਜਮਾਤ ਅਹਮਦੀਆ ਦੀ ਤਰੱਕੀ ਰੱਬ ਦੀਆਂ ਮਿਹਰਾਂ ਨਾਲ ਹੈ, ਅਸੀਂ ਜੱਦ ਤੱਕ ਰੱਬ ਦੇ ਆਦੇਸ਼ਾਂ ਉਪੱਰ ਚਲਦੇ ਅਤੇ ਰੱਬ ਦੀ ਰਜ਼ਾ ਨੂੰ ਹਾਸਲ ਕਰਨ ਦਾ ਜਤਨ ਕਰਦੇ ਰਹਾਂਗੇ, ਰੱਬ ਦੀਆਂ ਮਿਹਰਾਂ ਦੇ ਸਬਬ ਬਣਦਿਆਂ ਹੋਇਆਂ ਇਹਨਾਂ ਤਰੱਕੀਆਂ ਦੇ ਹਿੱਸੇ ਬਣੇ ਰਹਾਂਗੇ । ਸੋ, ਸਾਨੂੰ ਆਪਣੀਆਂ ਹਾਲਤਾਂ ਦੇ ਜਾਇਜ਼ੇ ਲੈਂਦੇ ਰਹਿਣਾ ਚਾਹੀਦਾ ਹੈ । ਜਿੰਨ੍ਹਾ ਲੋਕਾਂ ਨੂੰ ਰੱਬ ਨੇ ਇਸ ਨਵੀਂ ਬਸਤੀ ਵਿੱਚ ਰਹਿਣ ਦਾ ਸੰਜੋਗ ਪ੍ਰਦਾਨ ਕੀਤਾ ਹੈ ਅਤੇ ਜੋ ਲੋਕ ਇਸ ਨਵੀਂ ਅਬਾਦੀ ਦੇ ਨੇੜੇ ਜਾਂ ਆਲੇ ਦੁਆਲੇ ਵੱਸ ਰਹੇ ਹਨ ਉਹਨਾ ਨੂੰ ਇਹ ਜਤਨ ਕਰਨਾ ਚਾਹੀਦਾ ਹੈ ਕਿ ਆਪਣੀਆਂ ਹਾਲਤਾਂ ਨੂੰ ਅਜਿਹਾ ਬਣਾਉਣ ਕਿ ਇਸ ਖੇਤਰ ਵਿੱਚ ਅਹਮਦੀਅਤ ਅਤੇ ਇਸਲਾਮ ਦਾ ਵਾਸਤਵਿਕ ਰੂਪ ਲੋਕਾਂ ਨੂੰ ਦਿਖਾਈ ਦੇਵੇ । ਹੁਣ ਇਕ ਨਵੀਂ ਸੂਰਤ ਇਸ ਅਬਾਦੀ ਨੂੰ

ਮਿਲੀ ਹੈ ਅਤੇ ਇਸ ਪੱਖੋਂ ਇੱਥੋਂ ਦੇ ਲੋਕਲ ਲੋਕ ਵੀ ਸਾਨੂੰ ਇਕ ਹੋਰ ਦ੍ਰਿਸ਼ਟੀ ਨਾਲ ਦੇਖਣਗੇ । ਸੋ, ਇਸ ਕਰਕੇ ਆਪਣੇ ਨਮੂਨੇ ਪਹਿਲਾਂ ਨਾਲੋਂ ਵਧੱਕੇ ਸੋਹਣੇ ਕਰਕੇ ਦਿਖਾਉਂਣੇ ਹੋਣਗੇ, ਉਹਨਾਂ'ਤੇ ਚੰਗਾ ਪ੍ਰਭਾਵ ਪਾਉਂਣਾ ਹੋਵੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਆਇਤਾਂ ਜੋ ਮੈਂ ਪੜ੍ਹੀਆਂ ਹਨ, ਇਹਨਾ ਵਿੱਚ ਰੱਬ ਮੋਮਿਨਾ ਨੂੰ ਸਪਸ਼ਟ ਰੂਪ ਵਿੱਚ ਫ਼ਰਮਾਉਂਦਾ ਹੈ ਕਿ ਜੇਕਰ ਤੁਸੀਂ ਰੱਬ ਦੀ ਰਜ਼ਾ ਹਾਸਲ ਕਰਨਾ ਚਾਹੁੰਦੇ ਹੋ ਤਾਂ ਆਪਣੇ ਆਪਣੇ ਦੀਨ ਨੂੰ ਰੱਬ ਲਈ ਵਿਸ਼ੇਸ਼ ਕਰ ਲਓ । ਜੇਕਰ ਇਹ ਨਹੀਂ ਕਰੋਗੇ ਤਾਂ ਤੁਹਾਡੀ ਤਰੱਕੀ ਨਹੀਂ ਹੋਵੇਗਾ ਸਗੋਂ ਤੁਸੀਂ ਗੁਮਰਾਹੀ ਦੇ ਖੱਡ ਵਿੱਚ ਪਓਗੇ । ਮਸਜਿਦਾਂ ਦਾ ਜੋ ਉਦੇਸ਼ ਹੈ ਉਸਨੂੰ ਪੂਰਾ ਕਰਨਾ ਹੋਵੇਗਾ, ਫਿਰ ਹੀ ਰੱਬ ਦੇ ਪੁਰਸਕਾਰ ਤੁਹਾਨੂੰ ਮਿਲਣਗੇ ।

ਅੱਜ ਕੱਲ ਜਿੱਥੇ ਅਹਮਦੀਅਤ ਦੇ ਵਿਰੋਧੀ ਆਪਣੇ ਜ਼ੁਲਮ ਅਤਿਅਚਾਰ ਤੇ ਕਟੱੜਤਾ ਵਿੱਚ ਹੱਦੋਂ ਵਧੇ ਹੋਏ ਹਨ, ਅਜਿਹੇ ਸਮੇਂ ਸਾਡੀ ਹੋਰ ਵੀ ਜ਼ਿੰਮੇਦਾਰੀ ਵੱਧ ਜਾਂਦੀ ਹੈ ਕਿ ਆਪਣੀਆਂ ਇਬਾਦਤਾਂ ਨੂੰ ਵੀ ਖ਼ਾਲਸ ਕਰ ਲਈਏ ਅਤੇ ਦੁਨੀਆ ਨੂੰ ਹਕੀਕੀ ਇਸਲਾਮ ਦੀ ਸਿੱਖਿਆ ਨਾਲ ਵੀ ਜਾਣੂ ਕਰਾਈਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਕੁਰਆਨ ਸ਼ਰੀਫ਼ ਵਿੱਚ ਲਿੱਖਿਆ ਹੈ ਕਿ : 'ਉਦਊਹੁ ਮੁਖ਼ਲਿਸੀਨਾ ਲਹੁੱਦੀਨ' (اُدْعُوْهُ مُخْلِصِيْنَ لَهُ الدِّيْنَ) ਕਿ ਨੇਕੀ ਨਾਲ ਰੱਬ ਨੂੰ ਚੇਤੇ ਕਰਨਾ ਚਾਹੀਦਾ ਹੈ ਅਤੇ ਉਸਦੇ ਉਪਕਾਰਾਂ ਦਾ ਬਹੁਤ ਅਧਿਐਨ ਕਰਨਾ ਚਾਹੀਦਾ ਹੈ । ਇਬਾਦਤ ਦੇ ਉਸੂਲਾਂ ਦਾ ਇਹ ਸਾਰ ਹੈ ਕਿ ਆਪਣੇ ਆਪ ਨੂੰ ਇਸ ਪ੍ਰਕਾਰ ਖੜਾ ਕੀਤਾ ਜਾਏ ਕਿ ਸੰਭਵਤਾ ਰੱਬ ਨੂੰ ਦੇਖ ਰਿਹਾ ਹੈ ਜਾਂ ਇਹ ਕਿ ਰੱਬ ਉਸਨੂੰ ਦੇਖ ਰਿਹਾ ਹੈ, ਹਰ ਪ੍ਰਕਾਰ ਦੀ ਮਿਲਾਵਟ ਅਤੇ ਹਰ ਪ੍ਰਕਾਰ ਦੇ ਸ਼ਿਰਕ ਤੋਂ ਪਾਕ ਹੋ ਜਾਵੇ ਅਤੇ ਉਸੇ ਦੀ ਅਜ਼ਮਤ ਅਤੇ ਉਸੇ ਦੇ ਰੱਬ ਹੋਣ ਦਾ ਵਿਚਾਰ ਰੱਖੇ । ਫ਼ਰਮਾਇਆ ਕਿ ਸ਼ੁਕਰਾਨੇ ਦੀਆਂ ਦੁਆਵਾਂ ਅਤੇ ਹੋਰਨਾ ਦੁਆਵਾਂ ਰੱਬ ਤੋਂ ਬਹੁਤ ਮੰਗੇ ਅਤੇ ਬਹੁਤ ਤੌਬਾ ਇਸਤਗ਼ਫ਼ਾਰ ਕਰੇ ਅਤੇ ਵਾਰ ਵਾਰ ਆਪਣੀਆਂ ਕਮਜ਼ੋਰੀਆਂ ਦਾ ਪ੍ਰਗਟਾਵਾ ਕਰਦਾ ਰਹੇ ਤਾਂ ਜੋ ਆਪਣਾ ਆਪਾ ਪਾਕ ਹੋ ਜਾਏ ਅਤੇ ਰੱਬ ਨਾਲ ਸਚੱਾ ਸੰਬੰਧ ਬਣ ਜਾਏ ਅਤੇ ਉਸੇ ਦੇ ਪ੍ਰੇਮ ਵਿੱਚ ਲੀਨ ਹੋ ਜਾਏ । ਫ਼ਰਮਾਇਆ : ਕਿ ਅਸੀਂ ਆਪਣੇ ਜਾਇਜ਼ੇ ਲਈਏ, ਆਪਣੇ ਸੁਧਾਰ ਕਰੀਏ, ਛੋਟੀਆਂ ਛੋਟੀਆਂ ਗਲੱਾਂ'ਤੇ ਵੀ ਜਕੇਰ ਸਾਡੇ ਅੰਦਰ ਜੇਕਰ ਕੋਈ ਰੰਜਿਸ਼ਾਂ ਤੇ ਬੇਚੇਨੀਆਂ ਹਨ ਤਾਂ ਉਹਨਾ ਨੂੰ ਦੂਰ ਕਰਨ ਅਤੇ ਰੋਜ਼ਿਆਂ ਦਾ ਹੱਕ ਪੂਰਾ ਕਰਨ ਵਾਲੇ ਹੋਈਏ । ਰੱਬ ਲਈ ਖ਼ਾਲਸ ਹੁੰਦਿਆਂ ਹੋਇਆਂ ਉਸਦੀ ਇਬਾਦਤ ਕਰਨ ਵਾਲੇ ਹੋਈਏ ਅਤੇ ਫਿਰ ਉਸਦੇ ਆਦੇਸ਼ਾਂ ਉਪੱਰ ਅਮਲ ਕਰਨ ਵਾਲੇ ਵੀ ਹੋਈਏ । ਇਸੇ ਪ੍ਰਕਾਰ ਇਕ ਹੋਰ ਮੌਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਸ ਸਮੇਂ ਇਸਲਾਮ ਜਿਸ ਚੀਜ਼ ਦਾ ਨਾਂ ਹੈ ਉਸ ਵਿੱਚ ਅੰਤਰ ਆ ਗਿਆ ਹੈ । ਸਾਰੇ ਵਾਧੂ ਆਚਰਣ ਭਰ ਗਏ ਹਨ ਅਤੇ ਉਹ ਆਚਰਣ ਜਿਸਦਾ ਵਰਨਣ 'ਮੁਖ਼ਲਿਸੀਨਾ ਲਹੁੱਦੀਨ' (مُخْلِصِيْنَ لَهُ الدِّيْنَ) ਵਿੱਚ ਹੋਇਆ ਹੈ ਅਕਾਸ਼ ਉਪੱਰ ਉਠੱ ਗਿਆ ਹੈ ਅਰਥਾਤ ਉਸਦਾ ਕੋਈ ਵੁਜੂਦ ਹੀ ਦਿਖਾਈ ਨਹੀਂ ਦਿੰਦਾ । ਰੱਬ ਨਾਲ ਸਚੱਾਈ, ਵਫ਼ਾਦਾਰੀ, ਨੇਕੀ, ਪ੍ਰੇਮ ਅਤੇ ਰੱਬ ਉਪੱਰ ਤਵੱਕਲ (ਭਰੋਸਾ) ਉਕੱਾ ਹੀ ਖ਼ਤਮ ਹੋ ਚੁੱਕਾ ਹੈ । ਹੁਣ ਰੱਬ ਨੇ ਇਰਾਦਾ ਕੀਤਾ ਹੈ ਕਿ ਫਿਰ ਨਵੇਂ ਸਿਰਿਓਂ ਇਹਨਾ ਸ਼ਕਤੀਆਂ ਨੂੰ ਸੁਰਜੀਤ ਕਰੇ ।

ਫਿਰ ਆਪਨੇ ਫ਼ਰਮਾਇਆ ਕਿ ਹੁਣ ਇਹ ਸਮਾਂ ਹੈ ਕਿ ਇਸ ਵਿੱਚ ਦਿਖਾਵਾ, ਪ੍ਰਦਰਸ਼ਨਕਾਰੀ, ਹਉਮੈ, ਹੰਕਾਰ, ਹੈਂਕੜੀ ਅਤੇ ਆਪਣੇ ਆਪੇ ਦਾ ਅਭਿਮਾਨ ਆਦਿ ਔਗੁਣ ਤਰੱਕੀ ਕਰ ਗਏ ਹਨ । ਰੱਬ'ਤੇ ਭਰੋਸਾ ਤੇ ਸੁਪੁਰਦਗੀ ਆਦਿ ਸਾਰੀਆਂ ਗਲੱਾਂ ਉਕੱਾ ਹੀ ਖ਼ਤਮ ਹੋ ਗਈਆਂ ਹਨ । ਹੁਣ ਰੱਬ ਦਾ ਇਰਾਦਾ ਹੈ ਕਿ ਇਹਨਾ ਦਾ ਬੀਜਾਰੋਪਣ ਹੋਵੇ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਬੀਜਾਰੋਪਣ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਹੋਇਆ ਹੈ ਅਤੇ ਰੱਬ ਦਾ ਇਰਾਦਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਇਹਨਾ ਆਚਰਣਾ ਨੂੰ

ਸੁਰਜੀਤ ਕਰਨ ਦਾ ਹੈ ਅਤੇ ਇਬਾਦਤਾਂ ਨੂੰ ਖ਼ਾਲਸ ਕਰਨ ਦਾ ਹੈ । ਅੱਗੇ ਇਸ ਬੀਜਾਰੋਪਣ ਤੋਂ ਪੈਦਾ ਹੋਏ ਪੌਦਿਆਂ ਤੇ ਰੁਖ਼ਾਂ ਦੀਆਂ ਟਾਹਣੀਆਂ ਅਸੀਂ ਬਣਨਾ ਹੈ ਅਤੇ ਅਸੀਂ ਉਸ ਸਮੇਂ ਇਹ ਕਰ ਸਕਦੇ ਹਾਂ, ਜੱਦ ਆਪਣੀਆਂ ਇਬਾਦਤਾਂ ਨੂੰ ਰੱਬ ਲਈ ਖ਼ਾਲਸ ਕਰ ਲਈਏ । ਦੂਜਿਆਂ ਦੀਆਂ ਕਮਜ਼ੋਰੀਆਂ ਦੇਖਕੇ ਆਪਣਾ ਸੁਧਾਰ ਕਰਨ ਦਾ ਜਤਨ ਕਰੀਏ ਅਤੇ ਰੱਬ ਦੀ ਰਜ਼ਾ ਹੋਰਨਾ ਪ੍ਰਾਥਮਕਤਾਵਾਂ ਉਪੱਰ ਭਾਰੀ ਹੋ ਜਾਣ । ਇਕ ਮੌਕੇ ਆਪਨੇ ਫ਼ਰਮਾਇਆ ਕਿ ਅਮਲਾਂ (ਕਰਮਾ) ਲਈ ਅਖ਼ਲਾਸ (ਨੇਕੀ) ਸ਼ਰਤ ਹੈ । ਸੋ, ਕੇਵਲ ਜ਼ਾਹਿਰੀ (ਦਿਖਾਵੇ ਦਾ) ਅਮਲ ਹੋਵੇ ਅਤੇ ਉਸ ਵਿੱਚ ਨੇਕੀ ਨ ਹੋਵੇ ਰੱਬ ਦੀ ਰਜ਼ਾ ਦੀ ਤੜਪ ਨ ਹੋਵੇ, ਉਹ ਅਮਲ ਵਿਅਰਥ ਹੈ ।

ਫਿਰ ਇਕ ਮੌਕੇ ਆਪਨੇ ਫ਼ਰਮਾਇਆ : ਸਪਸ਼ਟ ਹੋਵੇ ਕਿ ਕੁਰਆਨ ਕਰੀਮ ਦੇ ਪੱਖੋਂ ਮਨੁੱਖ ਦੀਆਂ ਸੁਭਾਵਕ ਅਵਸਥਾਵਾਂ ਦੇ ਉਸ ਦੀਆਂ ਅਖ਼ਲਾਕੀ (ਆਚਰਣਕ) ਹਾਲਤਾਂ ਨਾਲ ਅਤਿਅੰਤ ਹੀ ਗੂੜ੍ਹੇ ਸੰਬੰਧ ਹਨ । ਇੱਥੋਂ ਤੱਕ ਕਿ ਮਨੁੱਖ ਦੇ ਖਾਣ ਪੀਣ ਦੇ ਢੰਗ ਵੀ ਮਨੁੱਖ ਦੇ ਅਖ਼ਲਾਕੀ ਅਤੇ ਆਤਮਕ ਹਾਲਤਾਂ ਉਪੱਰ ਪ੍ਰਭਾਵ ਕਰਦੇ ਹਨ । ਆਪ ਫ਼ਰਮਾਉਂਦੇ ਹਨ ਕਿ ਜੇਕਰ ਇਹਨਾਂ ਸੁਭਾਵਕ ਹਾਲਤਾਂ ਤੋਂ ਸ਼ਰੀਅਤ ਦੇ ਦੱਸੇ ਨਿਰਦੇਸ਼ਾਂ ਅਨੁਸਾਰ ਕੰਮ ਲਿਆ ਜਾਵੇ ਜਿਵੇਂ ਕਿ ਲੂਣ ਦੀ ਕਾਨ ਵਿੱਚ ਪੈਕੇ ਸਾਰੀਆਂ ਚੀਜਾਂ ਲੂਣੀਆਂ ਹੋ ਜਾਂਦੀਆਂ ਹਨ ਅਜਿਹਾ ਹੀ ਇਹ ਸਾਰੀਆਂ ਹਾਲਤਾਂ ਅਖ਼ਲਾਕੀ ਹੋ ਜਾਂਦੀਆਂ ਹਨ । ਫਿਰ ਆਪਨੇ ਇਹ ਵੀ ਫ਼ਰਮਾਇਆ ਕਿ ਮਨੁੱਖ ਦੀ ਰੂਹਾਨੀ (ਆਤਮਕ) ਹਾਲਤ ਨੂੰ ਚੰਗਾ ਬਣਾਉਣ ਲਈ ਜ਼ਾਹਿਰੀ ਖ਼ੁਰਾਕ ਵੀ ਪ੍ਰਭਾਵਤ ਹੁੰਦੀ ਹੈ । ਇਸ ਲਈ ਸੰਤੁਲਿਤ ਖ਼ੁਰਾਕ ਖਾਣੀ ਚਾਹੀਦੀ ਹੈ । ਸੰਤੁਲਿਤ ਭੋਜਨ ਨਾਲ ਮਨੁੱਖ ਦੇ ਅਖ਼ਲਾਕ ਸੰਤੁਲਨ ਵਿੱਚ ਰਹਿੰਦੇ ਹਨ ਅਤੇ ਰੱਬ ਦੀ ਇਬਾਦਤ ਵੱਲ ਧਿਆਨ ਵੀ ਪੈਦਾ ਹੁੰਦਾ ਹੈ । ਰੱਬ ਫ਼ਰਮਾਉਂਦਾ ਹੈ : 'ਵ ਕੁਲੂ ਵਸ਼ਰਾਬੂ ਵਲਾ ਤੁਸਰਿਫ਼ੂ' (وَّكُلُوْاوَاشْرَبُوْاوَلَاتُسْرِفُوْا) ਅਰਥਾਤ ਭਾਵੇਂ ਖਾਓ ਤੇ ਪੀਓ ਪਰ ਖਾਣ ਪੀਣ ਵਿੱਚ ਅਜਾਈਂ ਵਧੀਕੀ ਜਾਂ ਘਾਟ ਨ ਕਰੋ, ਕਿਉਂਕਿ ਇਸ ਨਾਲ ਸੰਤੁਲਨ ਵਿਗੜਦਾ ਹੈ ਅਤੇ ਇਸਦਾ ਪ੍ਰਭਾਵ ਵੀ ਰੂਹਾਨੀ ਹਾਲਤਾਂ ਉਪੱਰ ਪੈਂਦਾ ਹੈ । ਸੋ, ਇਕ ਹਕੀਕੀ ਆਬਦ (ਬੰਦਗੀ ਕਰਨ ਵਾਲਾ) ਜੋ ਰੱਬ ਲਈ ਖ਼ਾਲਸ ਹੋਕੇ ਇਬਾਦਤ ਕਰਦਾ ਹੈ ਉਹ ਨ ਕੇਵਲ ਆਪਣੀ ਰੂਹਾਨੀ ਹਾਲਤ ਬਿਹਤਰ ਕਰਦਾ ਹੈ ਅਤੇ ਰੱਬ ਨਾਲ ਸੰਬੰਧ ਵਧਾਉਂਦਾ ਹੈ ਸਗੋਂ ਸ਼ਰੀਰਕ ਹਾਲਤ ਵਰ ਠੀਕ ਕਰਦਾ ਹੈ ਅਤੇ ਰੱਬ ਦੀਆਂ ਨੇਮਤਾਂ ਦੀ ਵਰਤੋਂ ਵੀ ਰੱਬ ਦੀ ਰਜ਼ਾ ਹਾਸਲ ਕਰਨ ਲਈ ਕਰਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਮਰਕਜ਼ (ਕੇਂਦਰ) ਦੇ ਬਣਨ'ਤੇ ਰੱਬ ਦੇ ਸ਼ੁਕਰਾਨੇ ਦਾ ਹੱਕ ਪੂਰਾ ਕਰਨ ਲਈ ਸਾਨੂੰ ਜਿੱਥੇ ਆਪਣੀਆਂ ਇਬਾਦਤਾਂ ਦੇ ਮਿਆਰਾਂ ਨੂੰ ਉਚੱਾ ਚੁਕੱਣ ਦੀ ਲੋੜ ਹੈ ਓਥੇ ਅਖ਼ਲਾਕੀ ਮਿਆਰਾਂ ਨੂੰ ਵੀ ਉਚੱਾ ਚੁਕੱਣ ਦੀ ਲੋੜ ਹੈ ਅਤੇ ਵਿਸ਼ੇਸ਼ ਰੂਪ ਵਿੱਚ ਇਹਨਾ ਨਵੇਂ ਹਾਲਾਤਾਂ ਵਿੱਚ ਜੱਦ ਕਿ ਇਸ ਇਲਾਕੇ ਵਿੱਚ ਰਹਿਣ ਵਾਲਿਆਂ ਦੀ ਸਾਡੇ ਉਪੱਰ ਇਕ ਨਵੇਂ ਦ੍ਰਿਸ਼ਟੀਕੋਣ ਨਾਲ ਨਜ਼ਰ ਹੋਵੇਗੀ, ਸਾਨੂੰ ਵੀ ਇਸਲਾਮ ਦੀ ਸੁੰਦਰ ਸਿੱਖਿਅ ਦੇ ਦ੍ਰਿਸ਼ਟੀਕੋਣ ਆਪਣੇ ਬੋਲ ਤੇ ਕਰਮ ਆਪਣੇ ਅਮਲਾਂ ਨਾਲ ਦਿਖਾਉਂਣ ਦੀ ਪਹਿਲਾਂ ਨਾਲੋ ਬਹੁਤੀ ਲੋੜ ਹੋਵੇਗੀ । ਜੇਕਰ ਅਸੀਂ ਇਸ ਚੀਜ਼ ਨੂੰ ਆਪਣੇ ਸਾਹਮਣੇ ਰੱਖਦਿਆਂ ਹੋਇਆਂ ਆਪਣੇ ਜੀਵਨ ਲੰਘਾਵਾਂਗੇ ਤਾਂ ਇਹੋ ਪ੍ਰਚਾਰ ਦਾ ਇਕ ਬਹੁਤ ਵਡੱਾ ਸਾਧਨ ਬਣ ਜਾਏਗਾ ਅਤੇ ਇਹੋ ਸਾਨੂੰ ਰੱਬ ਦਾ ਧੰਨਵਾਦੀ ਬਣਾਉਂਦਿਆਂ ਹੋਇਆਂ ਉਸ ਦੀਆਂ ਮਿਹਰਾਂ ਨੂੰ ਹਾਸਲ ਕਰਨ ਵਾਲਾ ਬਣਾਏਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇੱਥੇ ਇਹ ਗੱਲ ਵੀ ਚੇਤੇ ਰਖੱਣੀ ਜ਼ਰੂਰੀ ਹੈ ਕਿ ਕਈ ਲੋਕ ਆਪਣੇ ਗਵਾਂਢੀਆਂ ਅਤੇ ਬਾਹਰ ਮਿਲਣ ਵਾਲਿਆਂ ਨਾਲ ਤਾਂ ਬਹੁਤ ਚੰਗੇ ਹੁੰਦੇ ਹਨ ਪਰ ਆਪਣੇ ਘਰਾਂ ਵਿੱਚ ਆਪਣੀ ਪਤਨੀ ਤੇ ਬੱਚਿਆਂ ਨਾਲ ਉਹਨਾ ਦੇ ਰੱਵੀਏ ਚੰਗੇ ਨਹੀਂ ਹੁੰਦੇ । ਇਹ ਉਹਨਾ ਦੇ ਵਿਅਕਤੀਗੱਤ ਕਰਮ ਨਹੀਂ ਹਨ ਕਿਉਂਕਿ ਇਹ ਗਲੱਾਂ ਜਮਾਤ ਦੀ ਏਕਤਾ, ਅਖੰਡਤਾ ਤੇ ਸ਼ਾਂਤੀ ਉਪੱਰ ਵੀ ਪ੍ਰਭਾਵ ਪਾਉਂਦੀਆਂ ਹਨ । ਘਰਾਂ ਵਿੱਚ ਬੇਸਕੂਨੀ ਬੱਚਿਆਂ ਉਪੱਰ ਪ੍ਰਭਾਵਤ ਹੁੰਦੀ ਹੈ ਅਤੇ ਬੱਚੇ ਭਵਿੱਖ ਵਿੱਚ ਜਮਾਤ ਦਾ ਚੰਗਾ ਅੰਗ ਬਣਨ ਦੀ ਥਾਂ ਜਮਾਤ ਤੋਂ ਦੂਰ ਅਤੇ ਧਰਮ ਤੋਂ

ਵੀ ਦੂਰ ਜਾਣ ਵਾਲੇ ਬਣ ਜਾਂਦੇ ਹਨ । ਇਸਲਾਮ ਨੂੰ ਫੈਲਾਉਣ ਅਤੇ ਆਪਣੇ ਧਰਮ ਨੂੰ ਵਿਸ਼ੇਸ਼ ਰੂਪ ਵਿੱਚ ਰੱਬ ਲਈ ਖ਼ਾਲਸ ਕਰਨ ਲਈ ਜ਼ਰੂਰੀ ਹੈ ਕਿ ਆਪਣੀਆਂ ਅਗਲੀਆਂ ਨਸਲਾਂ ਨੂੰ ਵੀ ਸੰਭਾਲਿਆ ਜਾਏ । ਸੋ, ਅਜਿਹੇ ਘਰ ਜਿੱਥੇ ਇਸ ਪ੍ਰਕਾਰ ਦੀਆਂ ਗਲੱਾਂ ਪੈਦਾ ਹੋ ਰਹੀਆਂ ਹਨ ਉਹ ਆਪਣੇ ਘਰਾਂ ਨੂੰ ਅਮਨ ਤੇ ਸ਼ਾਂਤੀ ਨੂੰ ਬਣਾਈ ਰਖੱਣ ਦਾ ਵੀ ਜਤਨ ਕਰਨ । ਇਸੇ ਪ੍ਰਕਾਰ ਜਿੰਨ੍ਹਾ ਔਰਤਾਂ ਵਿੱਚ ਨਿੱਕੀਆਂ ਨਿੱਕੀਆਂ ਗਲੱਾਂ ਨਾਲ ਗੁੱਸੇ ਦਾ ਪੱਖ ਗ਼ਾਲਬ ਆ ਜਾਂਦਾ ਹੈ ਉਹਨਾਂ ਨੂੰ ਵੀ ਆਪਣੇ ਬੱਚਿਆਂ ਦੀ ਤਰਬੀਯਤ (ਸੀਖ) ਲਈ ਅਪਾਣੇ ਹਾਲਾਤਾਂ ਵਿੱਚ ਪਰਿਵਰਤਨ ਦੀ ਲੋੜ ਹੈ । ਇਸ ਰਮਜ਼ਾਨ ਵਿੱਚ ਇਸ ਪੱਖੋਂ ਵੀ ਵਿਸ਼ੇਸ਼ ਬਨਾਉਣ ਕਿ ਆਪਣੇ ਘਰਾਂ ਨੂੰ ਇਸ ਮਹੀਨੇ ਦੀਆਂ ਬਰਕਤਾਂ ਨਾਲ ਅਸੀਂ ਸੁਆਰਨਾ ਹੈ। ਤਕਵਾ (ਸੰਜਮਤਾ) ਵਿੱਚ ਵਧੱਣਾ ਹੈ । ਦਿਖਾਵੇ, ਹੰਕਾਰ ਤੇ ਹਉਮੈ ਆਦਿ ਤੋਂ ਬਚੱਣਾ ਹੈ । ਜਿੰਨ੍ਹਾ ਬਹੁਤਾ ਅਸੀਂ ਰੱਬ ਦੀਆਂ ਮਿਹਰਾਂ ਉਪੱਰ ਹੋ ਰਹੇ ਹਾਂ ਉਨ੍ਹਾਂ ਬਹੁਤਾ ਹੀ ਸਾਨੂੰ ਸੋਚਣਾ ਚਾਹੀਦਾ ਹੈ ਕਿ ਅਸੀਂ ਹਰ ਮਾਮਲੇ ਵਿੱਚ ਰੱਬ ਦੀ ਰਜ਼ਾ ਦੇ ਮਾਰਗਾਂ ਨੂੰ ਭਾਲਣ ਦਾ ਜਤਨ ਕਰੀਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਮਰਕਜ਼ ਜੋ ਰੱਬ ਨੇ ਸਾਨੂੰ ਪ੍ਰਦਾਨ ਕੀਤਾ ਹੈ, ਅਸਲ ਉਦੇਸ਼ ਤਾਂ ਇਸਦਾ ਧਰਮ ਦੀ ਲੋੜ ਲਈ ਵਰਤੋਂ ਕਰਨੀ ਹੈ ਪਰ ਦੁਨੀਆਦਾਰੀ ਦੇ ਪੱਖੋਂ ਵੀ ਇਹ ਰੱਬ ਦੀ ਬਹੁਤ ਵੱਡੀ ਮਿਹਰ ਹੈ। ਇਸ ਮਰਕਜ਼ ਰਾਹੀਂ ਸਾਨੂੰ ਰੱਬ ਨੇ ਦੀਨੀ ਤੇ ਦੁਨੀਆਵੀ ਉਪਹਾਰਾਂ ਨਾਲ ਨਿਵਾਜ਼ਿਆ ਹੈ । ਸੋ, ਹਰ ਪੱਖ ਨੂੰ ਸਾਹਮਣੇ ਰੱਖਦਿਆਂ ਹੋਇਆਂ ਸਾਨੂੰ ਰੱਬ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ । ਰੱਬ ਦੇ ਵੁਜੂਦ ਨੂੰ ਦਿਖਾਉਣ ਲਈ ਜ਼ਰੂਰੀ ਹੈ ਕਿ ਸਾਡੇ ਬੋਲ ਤੇ ਕਰਮ ਅਜਿਹੇ ਹੋਣ ਜੋ ਦੂਜਿਆਂ ਨੂੰ ਪ੍ਰਭਾਵਤ ਕਰਨ । ਸੋ, ਜਿਸ ਦ੍ਰਿਸ਼ਟੀਕੋਣ ਨਾਲ ਵੀ ਅਸੀਂ ਆਪਣੇ ਆਪ ਨੂੰ ਦੇਖੀਏ ਸਾਡੇ ਸਿਰ ਰੱਬ ਦੀ ਹਜ਼ੂਰੀ ਵਿੱਚ ਝੁਕੱਦੇ ਜਾਣੇ ਚਾਹੀਦੇ ਹਨ ਕਿ ਉਸਨੇ ਆਪਣੀ ਮਿਹਰ ਨਾਲ ਇਕ ਅਜਿਹੀ ਬਸਤੀ ਵਸਾਉਣ ਦੀ ਤੌਫ਼ੀਕ ਦਿੱਤੀ । ਭਾਵੇਂ ਇਹ ਇਕ ਛੋਟੀ ਜਿਹੀ ਅਬਾਦੀ ਹੈ ਪਰ ਇਸ ਦੀ ਮਹਤੱਾ ਮਰਕਜ਼ (ਕੇਂਦਰ) ਹੋਣ ਕਰਕੇ ਮਹਤੱਵਪੂਰਨ ਹੈ । ਦੁਨੀਆ ਦੇ ਇਸ ਖੇਤਰ ਵਿੱਚ ਰੱਬ ਨੇ ਮਰਕਜ਼ ਬਨਾਉਣ ਦੀ ਤੌਫ਼ੀਕ ਦਿੱਤੀ ਜੋ ਤੌਹੀਦ ਤੋਂ ਖ਼ਾਲੀ ਹੈ ਅਤੇ ਸ਼ਿਰਕ ਨਾਲ ਭਰਿਆ ਹੋਇਆ ਹੈ । ਇੱਥੇ ਇਕ ਨਵੇਂ ਨਿਸ਼ਚੇ ਨਾਲ ਤੌਹੀਦ ਫੈਲਾਉਣ ਦਾ ਕੰਮ ਕਰੋ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਗ਼ੁਲਾਮ ਦੇ ਮਿਸ਼ਨ ਨੂੰ ਪੂਰਾ ਕਰੋ ਅਤੇ ਫਿਰ ਉਹ ਦਿਨ ਵੀ ਆਏ ਜੱਦ ਪਿੰਡਾਂ ਦੇ ਪਿੰਡ ਅਤੇ ਸ਼ਹਿਰਾਂ ਦੇ ਸ਼ਹਿਰ ਰੱਬ ਦੀ ਤੌਹੀਦ ਦਾ ਐਲਾਨ ਕਰਨ ਹੋਣ ਅਤੇ ਅੱਜ ਲੋਕ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਵਿਰੁਧ ਜੋ ਮੂੰਹ ਵਿੱਚ ਆਉਂਦਾ ਹੈ ਬੱਕ ਦਿੰਦੇ ਹਨ, ਇਸ ਦੀ ਥਾਂ ਆਪ ਸਲਲੱਾਹੁ ਅਲੈਹਿ ਵਸਲਮ ਦੇ ਝੰਡੇ ਹੇਠ ਆਉਣ ਵਿੱਚ ਮਾਣ ਅਨੁਭਵ ਕਰਨ ਵਾਲੇ ਹੋਣ ਅਤੇ ਆਪ ਉਪੱਰ ਦੁਰੂਦ ਭੇਜਣ ਵਾਲੇ ਹੋਣ । ਸੋ, ਇਹ ਅਮਹਦੀ ਦੀ ਜ਼ਿੰਮੇਦਾਰੀ ਹੈ ਕਿ ਦੁਆਵਾਂ ਨਾਲ, ਅਮਲਾਂ ਨਾਲ ਕਿਵੇਂ ਸਮੇਂ ਦੇ ਖ਼ਲੀਫ਼ਾ ਦੀ ਮਦਦ ਕਰਨੀ ਹੈ । ਅਲੱਾਹ ਤਆਲਾ ਸਾਨੂੰ ਰਮਜ਼ਾਨ ਦੇ ਮਹੀਨੇ ਵਿੱਚ ਇਸ ਮਸਜਿਦ ਦੇ ਉਦਘਾਟਨ ਦੀ ਤੌਫ਼ੀਕ ਦੇ ਰਿਹਾ ਹੈ । ਪਹਿਲੇ ਖ਼ਲੀਫ਼ਿਆਂ ਦਾ ਤਾਂ ਮੈਂਨੂੰ ਪਤਾ ਨਹੀਂ, ਪਰ ਮੇਰੇ ਸਮੇਂ ਵਿੱਚ ਇਹ ਪਹਿਲਾ ਮੌਕਾ ਹੈ ਕਿ ਰਮਜ਼ਾਨ ਦੇ ਮਹੀਨੇ ਵਿੱਚ ਮਸਜਿਦ ਦਾ ਉਦਘਾਟਨ ਹੋ ਰਿਹਾ ਹੈ । ਸੋ, ਇਸ ਬਰਕਤਾਂ ਵਾਲੇ ਅਤੇ ਦੁਆਵਾਂ ਦੀ ਪਰਵਾਨਗੀ ਦੇ ਇਸ ਮਹੀਨੇ ਤੋਂ ਉਚਿਤ ਲਾਭ ਉਠਾਉਂਦਿਆਂ ਹੋਇਆਂ ਅਹਮਦੀਅਤ ਦੀ ਤਰੱਕੀ ਅਤੇ ਦੁਨੀਆ ਦੇ ਇਸ ਖੇਤਰ ਵਿੱਚ ਮਰਕਜ਼ ਦੀ ਉਸਾਰੀ ਦੇ ਉਦੇਸ਼ ਨੂੰ ਪੂਰਾ ਕਰਨ ਲਈ ਦੁਆਵਾਂ ਕਰੋ ਅਤੇ ਬਹੁਤ ਦੁਆਵਾਂ ਕਰੋ । ਇਸ ਮਰਕਜ਼ ਵਿੱਚ ਵੀ ਵਿਸ਼ਾਲਤਾ ਪੈਦਾ ਹੁੰਦੀ ਜਾਏ ਅਤੇ ਇਸ ਦੇ ਆਲ੍ਹੇ ਦੁਆਲੇ ਵੀ ਅਹਮਦੀ ਅਬਾਦੀ ਫੈਲਦੀ ਚਲੀ ਜਾਏ । ਅਸੀਂ ਲੋਕਾਂ ਨੂੰ ਇਸਲਾਮ ਦੀ ਗੋਦ ਵਿੱਚ ਆਉਣ ਦਾ ਦ੍ਰਿਸ਼ ਦੇਖੀਏ । ਸਾਰਿਆਂ ਵਿਰੋਧੀਆਂ ਦੇ ਮਨਸੂਬਿਆਂ ਨੂੰ ਖੇਰੂੰ ਖੇਰੂੰ ਹੁੰਦਿਆਂ ਦੇਖੀਏ । ਰਬਵਾ ਜਾਣ ਦੇ ਮਾਰਗ ਵੀ ਖੁਲੱਣ ਅਤੇ ਕਾਦੀਆਂ ਜੋ ਮਸੀਹ ਦਾ ਤਖ਼ਤ ਹੈ ਓਥੇ ਵੀ ਵਾਪਸੀ ਦੇ ਮਾਰਗ ਖੁਲੱਣ ਅਤੇ ਮੱਕੇ ਤੇ ਮਦੀਨੇ ਜਾਣ ਲਈ ਵੀ ਸਾਡੇ ਮਾਰਗ ਖੁਲੱਣ ਕਿ ਸਾਡੇ ਆਕਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀਆਂ ਬਸਤੀਆਂ ਹਨ ਅਤੇ ਇਸਲਾਮ ਦੇ ਸਦੈਵੀ ਮਰਕਜ਼ ਹਨ ਅਤੇ ਅਸਲ

ਇਸਲਾਮ ਦਾ ਪੈਗ਼ਾਮ ਉਹਨਾਂ ਲੋਕਾਂ ਨੂੰ ਵੀ ਪਹੁੰਚੇ ਅਤੇ ਉਹ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਗ਼ੁਲਾਮ ਦੀ ਪ੍ਰਮਾਣਕਤਾ ਕਰਨ ਵਾਲੇ ਬਣ ਜਾਣ । ਰੱਬ, ਜਹਾਲਤ ਦੇ ਸਬਬ ਵੈਰ ਰਖੱਣ ਵਾਲਿਆਂ ਦੀਆਂ ਅੱਖਾਂ ਵੀ ਖੋਲ ਦੇਵੇ ਅਤੇ ਜੋ ਕੇਵਲ ਸ਼ਰਾਰਤ ਕਰਕੇ ਆਪਣੇ ਉਦੇਸ਼ਿਆਂ ਦੀ ਪ੍ਰਾਪਤੀ ਲਈ ਸਾਧਾਰਣ ਮੁਸਲਮਾਨਾਂ ਦੇ ਮਨਾਂ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਤੇ ਆਪਦੀ ਜਮਾਤ ਦੇ ਖ਼ਿਲਾਫ਼ ਭਰਮ ਤੇ ਵੈਰ ਭਰ ਰਹੇ ਹਨ, ਉਹਨਾ ਦੀ ਪਕੜ ਦੇ ਵੀ ਰੱਬ ਸਾਧਨ ਕਰੇ ਅਤੇ ਮੁਸਲਮਾਨ ਮਸੀਹ ਮੌਊਦ ਅਲੈਹਿ ਸਲਾਮ ਦੇ ਹੱਥ ਉਪੱਰ ਇਕਤੱਰ ਹੋਕੇ ਇਕ ਉਮੱਤ ਬਣਕੇ ਇਸਲਾਮ ਦੀ ਹਕੀਕੀ ਸਿੱਖਿਆ ਦਾ ਅਮਲੀ ਨਮੂਨਾ ਬਣਨ ਵਾਲੇ ਹੋਣ ਅਤੇ ਛੇਤੀ ਤੋਂ ਛੇਤੀ ਗ਼ੈਰ ਮੁਸਲਮ ਦੁਨੀਆ ਵੀ ਇਸਲਾਮ ਦੇ ਝੰਡੇ ਹੇਠ ਆ ਜੇਏ ।

ਹਜ਼ੂਰ ਅਨਵਰ ਨੇ ਮਸਜਿਦ ਦੀ ਉਸਾਰੀ ਦੇ ਮਨਸੂਬੇ ਬਾਰੇ ਕੁਝ ਆਂਕੜੇ (ਡੇਟਾ) ਪੇਸ਼ ਕਰਦਿਆਂ ਹੋਇਆਂ ਫ਼ਰਮਾਇਆ : ਰੱਬ ਦੀ ਮਿਹਰ ਨਾਲ ਇਸ ਮਸਜਿਦ ਅਤੇ ਇਸ ਨਾਲ ਲਗੱਦੇ ਹਾਲ ਵਿੱਚ ਦੋ ਹਜ਼ਾਰ ਤੋਂ ਵੱਧ ਨਮਾਜ਼ੀਆਂ ਲਈ ਸਮਰਥਾ ਹੈ । ਹਜ਼ੂਰ ਅਨਵਰ ਨੇ ਮਸਜਿਦ ਦੀ ਉਸਾਰੀ ਤੇ ਡੈਕੋਰੇਸ਼ਨ ਆਦਿ ਬਾਰੇ ਵਿਸ਼ੇਸ਼ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ ਲਈ ਦੁਆ ਕੀਤੀ ਕਿ ਰੱਬ ਉਹਨਾ ਨੂੰ ਪ੍ਰਤੀਫਲ ਪ੍ਰਦਾਨ ਕਰੇ । ਫ਼ਰਮਾਇਆ : ਇਸ ਮਨਸੂਬੇ ਲਈ ਕੋਈ ਤਹਿਰੀਕ ਨਹੀਂ ਕੀਤੀ ਗਈ । ਪਰ ਬਹੁਤ ਵਡੱਾ ਮਨਸੂਬਾ ਸੀ ਅਤੇ ਇਸ ਦੇ ਨਾਲ ਹੋਰਨਾ ਦੇਸ਼ਾਂ ਵਿੱਚ ਵੱਡੇ ਮਨਸੂਬੇ ਚੱਲ ਰਹੇ ਸਨ । ਕਈ ਵਾਰ ਮੈਂਨੂੰ ਚਿੰਤਾ ਹੁੰਦੀ ਸੀ ਕਿ ਕਿਤੇ ਕੋਈ ਮਨਸੂਬਾ ਰੋਕਣਾ ਨ ਪਏ ਪਰ ਰੱਬ ਫਿਰ ਆਪਣੀ ਮਿਹਰ ਕਰ ਦਿੰਦਾ ਸੀ ਅਤੇ ਸਾਰੇ ਮਨਸੂਬੇ ਪੂਰਨ ਹੁੰਦੇ ਚਲੇ ਗਏ । ਸੋ, ਹਮੇਸ਼ਾ ਰੱਬ ਦੀਆਂ ਮਿਹਰਾਂ ਨੂੰ ਜੱਦ ਤੱਕ ਅਸੀਂ ਮੰਗਦੇ ਰਹਾਂਗੇ ਰੱਬ ਆਪਣੀਆਂ ਮਿਹਰਾਂ ਨਾਜ਼ਲ ਕਰਦਾ ਚਲਾ ਜਾਏਗਾ । ਉਸਦੇ ਹੱਕ ਪੂਰੇ ਕਰਦੇ ਜਾਓਗੇ, ਰੱਬ ਆਪਣੀ ਮਿਹਰ ਕਰਦਾ ਚਲਾ ਜਾਏਗਾ । ਰੱਬ ਇਸ ਦੀ ਤੌਫ਼ੀਕ ਪ੍ਰਦਾਨ ਕਰੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਨੇ ਸਾਧਾਰਣ ਤੌਰ'ਤੇ ਜਮਾਤ ਨੂੰ ਜੋ ਆਰਥਕ ਕੁਰਬਾਨੀ ਕਰਨ ਦੀ ਤੌਫ਼ੀਕ ਪ੍ਰਦਾਨ ਕੀਤੀ ਹੈ, ਉਸੇ ਕੁਰਬਾਨੀ ਨਾਲ ਸਾਰੇ ਮਨਸੂਬੇ ਪੂਰਨਤਾ ਨੂੰ ਪਹੁੰਚ ਰਹੇ ਹਨ ਅਤੇ ਭਵਿੱਖ ਵਿੱਚ ਪਹੁੰਚਣਗੇ, ਇੰਸ਼ਾਅਲੱਾਹ । ਅਲੱਾਹ ਤਆਲਾਂ ਸਾਰੀ ਜਮਾਤ ਦੇ ਲੋਕਾਂ ਦੀ ਮਾਲੀ ਹਾਲਤ ਨੂੰ ਵਧੇਰੇ ਚੰਗਾ ਬਣਾਏ। ਇਸ ਪੱਖੋਂ ਵੀ ਮੈਂ ਇਹ ਕਹਿ ਸਕਦਾ ਹਾਂ ਕਿ ਇਹ ਮਨਸੂਬੇ ਕਿਸੇ ਵਿਸ਼ੇਸ਼ ਤਹਿਰੀਕ ਤੋਂ ਬਿਨਾ ਹਨ । ਕਿਉਂਕਿ ਸਾਧਾਰਣ ਜਮਾਤ ਦੇ ਬਜਟ ਵਿੱਚੋਂ ਵੀ ਹਨ, ਇਸ ਲਈ ਸਾਰੀ ਦੁਨੀਆਂ ਦੀਆਂ ਜਮਾਤਾਂ ਇਸ ਵਿੱਚ ਸ਼ਾਮਲ ਹਨ ਅਤੇ ਕੋਈ ਵਿਸ਼ੇਸ਼ਤਾ ਨਹੀਂ ਕਿ ਕਿਸੇ ਨੇ ਬਹੁਤਾ ਜਾਂ ਕਿਸੇ ਨੇ ਘੱਟ ਦਿਤੱਾ । ਅਲੱਾਹ ਤਆਲਾ ਸਾਰਿਆਂ ਨੂੰ ਪ੍ਰਤੀਫ਼ਲ ਪ੍ਰਦਾਨ ਕਰੇ ਅਤੇ ਉਹਨਾ ਦੇ ਧੰਨ ਮਾਲ ਵਿੱਚ ਬਰਕਾਤਾਂ ਪ੍ਰਦਾਨ ਕਰਦਾ ਚਲਾ ਜਾਏ ।

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 17.05.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131